F.No: 12/23/2020-1FF/88-91 dated: 28-12-2020

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਸੁਤੰਤਰਤਾ ਸੰਗਰਾਮੀ ਸ਼ਾਖਾ)

**ਹੁਕਮ**

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਪੰਜਾਬ ਰਾਜ ਦੇ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਯੋਗ ਵਾਰਸਾਂ (ਵਿਧਵਾਵਾਂ ਜਾਂ ਅਣਵਿਆਹੀਆਂ ਤੇ ਬੇਰੁਜ਼ਗਾਰ ਲੜਕੀਆਂ) ਨੂੰ ਸੁਤੰਤਰਤਾ ਸੰਗਰਾਮੀ ਸਨਮਾਨ ਪੈਨਸ਼ਨ ਸਕੀਮ ਤਹਿਤ ਮਿਲਣ ਵਾਲੀ ਪੈਨਸ਼ਨ ਮੌਜੂਦਾ ਰੇਟ 7500/- ਪ੍ਰਤੀ ਮਹੀਨਾ ਤੋਂ ਵਧਾ ਕੇ 9400/- ਪ੍ਰਤੀ ਮਹੀਨਾ (ਨੌ ਹਜਾਰ ਚਾਰ ਸੌ ਰੁਪਏ) ਜਿਸ ਵਿੱਚ 200/- (ਦੋ ਸੌ ਰੁਪਏ) ਫਿਕਸਡ ਮੈਡੀਕਲ ਭੱਤਾ ਵੀ ਸ਼ਾਮਲ ਹੈ, ਕਰਨ ਦੀ ਪ੍ਰਵਾਨਗੀ ਦਿੰਦੇ ਹਨ। ਇਹ ਵਾਧਾ ਮਿਤੀ 01-04-2021 ਤੋਂ ਲਾਗੂ ਹੋਵੇਗਾ।

ਇਸ ਸਹੂਲਤ ਲਈ ਆਉਣ ਵਾਲਾ ਖਰਚਾ ਸਬੰਧਤ ਲੇਖਾ ਮੱਦ ਵਿੱਚੋਂ ਹੀ ਕੀਤਾ ਜਾਵੇਗਾ। ਇਹ ਪ੍ਰਵਾਨਗੀ ਵਿੱਤ ਵਿਭਾਗ (ਵਿੱਤ ਖਰਚਾ-1 ਸ਼ਾਖਾ) ਦੇ ਪੱਤਰ ਨੰ: FD-FE-106/32/2020-119862 ਮਿਤੀ 18-12-2020 ਰਾਹੀਂ ਦਿੱਤੀ ਗਈ ਸਹਿਮਤੀ ਦੇ ਅਧਾਰ ਤੇ ਜਾਰੀ ਕੀਤੀ ਜਾਂਦੀ ਹੈ।

ਮਿਤੀ, ਚੰਡੀਗੜ੍ਹ

24-12-2020

ਵੀ.ਕੇ.ਮੀਨਾ

ਸਕੱਤਰ, ਪੰਜਾਬ ਸਰਕਾਰ

ਸੁਤੰਤਰਤਾ ਸੰਗਰਾਮੀ ਵਿਭਾਗ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਏ ਐਂਡ ਈ), ਪੰਜਾਬ, ਚੰਡੀਗੜ੍ਹ।
2. ਸੁਪਰਡੰਟ, ਵਿੱਤ ਵਿਭਾਗ (ਵਿੱਤ ਖਰਚਾ-1 ਸ਼ਾਖਾ) ਨੂੰ ਉਨ੍ਹਾਂ ਦੇ ਉਕਤ ਪੱਤਰ ਦੇ ਹਵਾਲੇ ਵਿੱਚ।
3. ਖਜ਼ਾਨਚੀ, ਪੁੰਨ ਅਰਥ ਤੇ ਜਾਇਦਾਦ, ਮੋਹਾਲੀ ਨੂੰ ਵਿੱਤ ਵਿਭਾਗ ਦੇ ਉਕਤ ਪੱਤਰ ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਮੂਹ ਜਿਲ੍ਹਾ ਖਜ਼ਾਨਾ ਅਫਸਰਾਂ ਨੂੰ ਇਸ ਬਾਬਤ ਜਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ਅਤੇ ਲੋੜੀਂਦੇ ਬਜਟ ਉਪਬੰਧ ਲਈ ਸਿੱਧੇ ਵਿੱਤ ਵਿਭਾਗ ਨਾਲ ਤਾਲਮੇਲ ਕੀਤਾ ਜਾਵੇ।
4. ਪੰਜਾਬ ਰਾਜ ਦੇ ਸਮੂਹ ਜਿਲਿਆਂ ਦੇ ਡਿਪਟੀ ਕਮਿਸ਼ਨਰ।

ਸੁਪਰਡੰਟ